# KHALSA PRIMARY SCHOOL

Headteacher: Ms P. K. Sehmi

Volume 5
Issue 24


## Week beginning: 17 March 2014

### Literacy Week



This week is Literacy week! During the week there will be lots of activities. On **Tuesday 18th March** we will celebrating "World Book day". Children are encouraged to dress up as their favourite book character and bring their favourite book to school on the day. There is also a Poetry Reciting Competition for all children. Please support your child in finding a poem that they can learn and perform to the rest of their class. There will be one winner per class who will receive a small prize and will also get an opportunity to perform this to the rest of the school during our "sharing assembly".

### Coffee Morning - Well being of children



The "coffee morning" on **Tuesday 18th March** will focus on "Health & Safety and Safeguarding". We will provide information for parents & carers on how we keep the **safety and well-being of children at the centre of everything we do.** There will also be an opportunity to **meet governors** and ask questions. We look forward to seeing you on **18th March @ 8.50am**.

### Industrial Action

We would like to remind you of the National Union of Teachers (NUT) and the National Association of Schoolmasters, Union of Women Teachers' (NASUWT) strike on **Wednesday 26th March 2014**. We will confirm with you later this week, with a list on the **parents' noticeboard** and next week's newsletter, of the classes that will be **closed** for the day.

### Class Assemblies

Please see below dates of all the assemblies this half term. We welcome parents & governors to come and watch the children performing. Assemblies start at **8.50am**. Please be on time.

| Class | Date |
|---|---|
| **Yr3 Guru Amar Das Ji Class (Mrs Kaur)** | **Friday 21st March** |
| Yr2 Guru Nanak Dev Ji Class (Mrs Lagah) | Friday 28th March |
| Yr2 Guru Angad Dev Ji Class (Mr Formella) | Friday 4th April |

### Dates for your diary




| Date | Event |
|---|---|
| **Week beginning Monday 17th March** | **Literacy week** |
| **Tuesday 18th March** | **World Book Day** |
| **Tuesday 18th March** | **Coffee Morning - Health & Safety / Safeguarding** |
| **Wednesday 19th March** | **Yr4 Hockey Match** |
| Week beginning Monday 24th March | Walk to school week |
| Friday 27th March | Yr4 Trip - Hampton Court Palace |
| Tuesday 1st April | Rec - Miss Chatwal's class trip - Pizza Express |
| Wednesday 2nd April | Yr3 Trip - The Royal Drury Lane Theatre |
| Thursday 3rd April | Rec - Miss Harrid's class trip - Pizza Express |
| Friday 4th April | End of spring term |

### Year 4 - Football match



On Wednesday 12th March there was a Football match against Wolf Fields Primary School. Well done to Khalsa for winning 12-1.

### Year 4 Hockey Match



On **Wednesday 19th March** there will be a Year 4 Hockey match against Wolf Fields Primary school. Mr Virdee has selected 6 boys and 6 girls to take part. This event will be held on the Norwood Green playing field behind the school from 3.15pm to 4.15pm. Please come and support the children.

### Parents' Meetings

We would like to thank all parents/carers for attending parents' meetings last week. We hope that you were able to discuss fully your child's progress with the class teacher and were pleased with the progress made. If you have not yet seen your child's class teacher, please make an appointment as soon as possible.

### Donate your old digital cameras to school



If you have any unused digital cameras we would love to have them. It is an important tool which can be used to support your child's learning. If the cameras have leads and chargers, that would be great.

### Match Attax cards / Toys





We have been noticing that a few children have been bringing in Match Attax cards & Toys from home. Children are **not** allowed to bring such items to school. If we see children with these items in school, they will be confiscated. Please speak to your children to not bring Match Attax cards & toys to school.

### Thought of the week

**"Every day do something that will inch you closer to a better tomorrow."**

### ATTENDANCE



Well done to **Sahibzada Fateh Singh Ji's Class** for achieving best attendance for week ending **14/03/2014**.

### GOLDEN RULES

This week's Golden Rule is **'Remembering God'.**

Children who were awarded for **Caring & Sharing** for week ending **14/03/2014:**







**Year 4:**
Guru Hargobind Sahib Ji - Jeevan
Guru Arjan Dev Ji - Jatvinder

**Year 3:**
Guru Ram Das Ji - Jasman
Guru Amar Das Ji - Jasleen

**Year 2:**
Guru Nanak Dev Ji - Gurasees
Guru Angad Dev Ji - Dalmeet

**Year 1:**
Sahibzada Ajit Singh Ji - Apuravnshu
Sahibzada Jujhar Singh Ji - Kirannoor

**Reception:**
Sahibzada Fateh Singh Ji - Taranjit
Sahibzada Zorawar Singh Ji - Amria


Khalsa Primary School - Norwood Green Road, Southall, Middlesex, UB2 4LA.
**Phone:** 020 8574 9045; **Fax:** 020 8574 0108; **E-mail:** info@khalsa.ealing.sch.uk; **Website:** www.khalsaschool.co.uk

# ਖ਼ਾਲਸਾ ਪ੍ਰਾਇਮਰੀ ਸਕੂਲ

**ਮੁਖ ਅਧਿਆਪਿਕਾ: ਮਿਸ ਪ. ਕ. ਸਹਿਮੀ**

## ਹਫ਼ਤੇ ਦਾ ਅਰੰਭ: ੧੭ ਮਾਰਚ ੨੦੧੪

**ਵਾਲਿਓਮ ੫, ਇਸ਼ੂ ੨੪**


### ਸਾਖਰਤਾ ਹਫ਼ਤਾ



ਇਹ ਹਫ਼ਤਾ ਸਾਖਰਤਾ ਹਫ਼ਤਾ ਹੈ! ਇਸ ਹਫ਼ਤੇ ਦੌਰਾਨ ਬਹੁਤ ਸਾਰੀਆਂ ਕਿਰਿਆਵਾਂ ਹੋਣਗੀਆਂ।ਇਸ ਹਫ਼ਤੇ ਦੌਰਾਨ ਅਸੀਂ **ਮੰਗਲਵਾਰ ੧੮ ਮਾਰਚ** ਨੂੰ "ਵਿਸ਼ਵ ਪੁਸਤਕ ਦਿਵਸ" ਮਨਾਵਾਂਗੇ। ਬਚਿੱਆਂ ਨੂੰ ਉਤਸਾਹਿਤ ਕੀਤਾ ਜਾਂਦਾ ਹੈ ਕਿ ਉਹ ਆਪਣੇ ਪਸੰਦੀਦਾ ਪੁਸਤਕ ਪਾਤਰ ਵਜੋਂ ਸਜ ਕੇ ਆਉਣ ਅਤੇ ਆਪਣੀ ਮਨਪਸੰਦ ਪੁਸਤਕ ਸਕੂਲ ਆਪਣੇ ਨਾਲ ਲਿਆਉਣ।ਬੁੱਧਵਾਰ ਨੂੰ ਸਾਰੇ ਬਚਿੱਆਂ ਲਈ ਕਵਿਤਾ ਉਚਾਰਣ ਮੁਕਾਬਲਾ ਵੀ ਹੋਵੇਗਾ।ਕਿਰਪਾ ਕਰਕੇ ਆਪਣੇ ਬੱਚੇ ਦੀ ਕਵਿਤਾ ਚੁਣਨ ਅਤੇ ਸਾਰੀ ਜਮਾਤ ਸਾਹਮਣੇ ਉਚਾਰਣ ਦਾ ਅਭਿਆਸ ਕਰਨ ਵਿਚ ਮਦਦ ਕਰਨੀ ਜੀ। ਹਰ ਜਮਾਤ ਵਿਚੋਂ ਇਕ ਜੇਤੂ ਹੋਵੇਗਾ ਅਤੇ ਉਸ ਨੂੰ ਇਕ ਛੋਟਾ ਇਨਾਮ ਦਿੱਤਾ ਜਾਵੇਗਾ ਅਤੇ ਨਾਲ ਹੀ ਉਸ ਨੂੰ ਇਹ ਉਚਾਰਣ ਸਾਰੇ ਸਕੂਲ ਦੀ "ਸਾਂਝੀ ਸਭਾ" ਵਿਚ ਕਰਨ ਦਾ ਮੌਕਾ ਦਿੱਤਾ ਜਾਵੇਗਾ।

### ਕਾਫੀ ਸਵੇਰ-ਬੱਚਿਆਂ ਦੀ ਭਲਾਈ



ਮੰਗਲਵਾਰ ੧੮ ਮਾਰਚ ਨੂੰ ਸਵੇਰੇ ੮.੫੦ ਤੇ ਕਾਫੀ ਸਵੇਰ ਦਾ ਕੇਂਦਰ ਸਕੂਲ ਵਿਚ ਬੱਚਿਆਂ ਦੀ ਸਿਹਤ, ਸੁਰਖਿਆ ਅਤੇ ਭਲਾਈ ਹੋਵੇਗਾ।ਅਸੀਂ ਮਾਪਿਆਂ ਅਤੇ ਦੇਖਭਾਲ ਕਰਤਾਵਾਂ ਨੂੰ ਜਾਣਕਾਰੀ ਦਿਆਂਗੇ ਕਿ ਅਸੀਂ ਸਕੂਲ ਵਿਚ ਜੋ ਕੁਝ ਵੀ ਕਰਦੇ ਹਾਂ ਉਸ ਦਾ ਕੇਂਦਰ ਸਦਾ ਬੱਚਿਆਂ ਦੀ ਸੁਰਖਿਆ ਅਤੇ ਭਲਾਈ ਕਿਵੇਂ ਹੁੰਦਾ ਹੈ । ਗਵਰਨਰ ਸਾਹਿਬਾਨ ਤੋਂ ਪ੍ਰਸ਼ਨ ਪੁਛਣ ਦਾ ਇਕ ਮੌਕਾ ਵੀ ਆਪ ਜੀ ਨੂੰ ਮਿਲੇਗਾ ।ਅਸੀਂ ੧੮ ਮਾਰਚ ਨੂੰ ਸਵੇਰੇ ੮.੫੦ ਤੇ ਆਪ ਜੀ ਨੂੰ ਮਿਲਣ ਲਈ ਉਡੀਕਵਾਨ ਹਾਂ।

### ਉਦਯੋਗਿਕ ਅਧਿਆਪਕਾਂ ਦੀ ਹੜਤਾਲ

ਅਸੀਂ ਤੁਹਾਨੂੰ ਯਾਦ ਦਵਾਉਣਾ ਚਾਹੁੰਦੇ ਹਾਂ ਕਿ **ਬੁੱਧਵਾਰ ੨੬ ਮਾਰਚ ੨੦੧੪** ਨੂੰ ਨੈਸ਼ਨਲ ਯੂਨੀਅਨ ਆਫ ਟੀਚਰਜ਼, ਨੈਸ਼ਨਲ ਐਸੋਸੀਏਸ਼ਨ ਆਫ ਸਕੂਲ ਮਾਸਟਰਜ਼ ਅਤੇ ਯੂਨੀ-ਅਨ ਆਫ ਵੂਮੈਨ ਟੀਚਰਜ਼ ਹੜਤਾਲ ਤੇ ਜਾ ਰਹੇ ਹਨ। ਅਸੀਂ ਇਸ ਹਫ਼ਤੇ ਦੇ ਦੌਰਾਨ ਮਾਪਿਆਂ ਨੂੰ ਮਾਪਿਆਂ ਦੇ ਨੋਟਿਸ ਬੋਰਡ ਅਤੇ ਖ਼ਬਰਨਾਮੇ ਰਾਹੀਂ ਉਨ੍ਹਾਂ ਜਮਾਤਾਂ ਦੀ ਸੂਚੀ ਬਾਰੇ ਪੱਕਾ ਕਰਾਂਗੇ ਜਿਹੜੀਆਂ ਇਸ ਦਿਨ ਬੰਦ ਰਹਿਣਗੀਆਂ।

### ਜਮਾਤੀ ਸਭਾਵਾਂ

ਇਸ ਹਾਫ ਟਰਮ ਵਿਚ ਸਾਰੀਆਂ ਜਮਾਤਾਂ ਸਵੇਰ ਦੀ ਸਭਾ ਕਰਨਗੀਆਂ। ਅਸੀਂ ਬਚਿੱਆਂ, ਮਾਪਿਆਂ ਅਤੇ ਦੇਖਭਾਲ ਕਰਤਾਵਾਂ ਨੂੰ ਇਨ੍ਹਾਂ ਸਭਾਵਾਂ ਵਿਚ ਆਪਣੇ ਬਚਿੱਆਂ ਦੀਆਂ ਪੇਸ਼ਕਾਰੀਆਂ ਦਾ ਅਨੰਦ ਲੈਣ ਲਈ ਜੀ ਆਇਆਂ ਆਖਦੇ ਹਾਂ।ਕਿਰਪਾ ਕਰਕੇ ਹੇਠਾਂ ਦਿੱਤੀ ਸਾਰਣੀ ਵਿਚ ਆਪਣੇ ਬੱਚੇ ਦੀ ਪੇਸ਼ਕਾਰੀ ਦਾ ਦਿਨ ਵੇਖਣਾ ਜੀ।ਸਭਾ ਸਵੇਰੇ ੮.੫੦ ਤੇ ਅਰੰਭ ਹੋਵੇਗੀ। ਸਮੇਂ ਸਿਰ ਪੁਜਣ ਦੀ ਕਿਰਪਾ ਕਰਨੀ ਜੀ।

| ਜਮਾਤ | ਤਾਰੀਖ਼ |
|---|---|
| ਤੀਜੀ ਜਮਾਤ-ਗੁਰੂ ਅਮਰਦਾਸ ਜੀ-ਮਿਸਿਜ਼ ਕੌਰ | ਸ਼ੁਕਰਵਾਰ ੨੧ ਮਾਰਚ |
| ਦੂਜੀ ਜਮਾਤ-ਗੁਰੂ ਨਾਨਕ ਦੇਵ ਜੀ-ਮਿਸਿਜ਼ ਲਗਾਹ | ਸ਼ੁਕਰਵਾਰ ੨੮ ਮਾਰਚ |
| ਦੂਜੀ ਜਮਾਤ-ਗੁਰੂ ਅੰਗਦ ਦੇਵ ਜੀ-ਮਿਸਟਰ ਫੌਰਮੇਲਾ | ਸ਼ੁਕਰਵਾਰ ੦੪ ਅਪਰੈਲ |

### ਡਾਇਰੀ ਲਈ ਤਾਰੀਖ਼ਾਂ




| ਤਾਰੀਖ਼ | ਵਿਸ਼ੇਸ਼ ਮੌਕਾ |
|---|---|
| ੧੭ ਮਾਰਚ ਤੋਂ ਸ਼ੁਰੂ ਹੁੰਦਾ ਹਫ਼ਤਾ | ਸਾਖਰਤਾ ਹਫ਼ਤਾ |
| ਮੰਗਲਵਾਰ ੧੮ ਮਾਰਚ | ਵਿਸ਼ਵ ਪੁਸਤਕ ਦਿਵਸ |
| ਮੰਗਲਵਾਰ ੧੮ ਮਾਰਚ | ਕਾਫੀ ਸਵੇਰ-ਸਿਹਤ ਅਤੇ ਸੁਰਖਿਆ/ਰਖਿਆ ਲਈ ਬਚਾਅ ਪ੍ਰਬੰਧ |
| ਬੁੱਧਵਾਰ ੧੯ ਮਾਰਚ | ਚੌਥੀ ਜਮਾਤ ਦਾ ਹਾਕੀ ਮੈਚ |
| ੨੪ ਮਾਰਚ ਤੋਂ ਸ਼ੁਰੂ ਹੁੰਦਾ ਹਫ਼ਤਾ | ਸਕੂਲ ਨੂੰ ਤੁਰਨ ਦਾ ਹਫ਼ਤਾ |
| ਸ਼ੁਕਰਵਾਰ ੨੭ ਮਾਰਚ | ਚੌਥੀ ਜਮਾਤ ਦਾ ਟਰਿਪ-ਹੈਂਪਟਨ ਕੋਰਟ ਦਾ ਮਹਿਲ |
| ਮੰਗਲਵਾਰ ੧ ਅਪਰੈਲ | ਰਿਸੈਪਸ਼ਨ-ਮਿਸ ਚਟਵਾਲ ਦੀ ਜਮਾਤ ਦਾ ਟਰਿੱਪ- ਪੀਜ਼ਾ ਐਕਸਪ੍ਰੈਸ |
| ਬੁੱਧਵਾਰ ੨ ਅਪਰੈਲ | ਤੀਜੀ ਜਮਾਤ ਦਾ ਟਰਿਪ-ਡਰਰੀ ਲੇਨ ਦਾ ਸ਼ਾਹੀ ਨਾਟਘਰ |
| ਵੀਰਵਾਰ ੦੩ ਅਪਰੈਲ | ਰਿਸੈਪਸ਼ਨ-ਮਿਸ ਹੈਰਿਡ ਦੀ ਜਮਾਤ ਦਾ ਟਰਿੱਪ- ਪੀਜ਼ਾ ਐਕਸਪ੍ਰੈਸ |
| ਸ਼ੁਕਰਵਾਰ ੦੪ ਅਪਰੈਲ | ਸਪਰਿੰਗ ਟਰਮ ਦਾ ਅੰਤ |

### ਚੌਥੀ ਜਮਾਤ ਦਾ ਫੁਟਬਾਲ ਮੈਚ



ਬੁੱਧਵਾਰ ੧੨ ਮਾਰਚ ਨੂੰ ਸਾਡੇ ਸਕੂਲ ਦਾ ਵੁਲਫ ਫੀਲਡਜ਼ ਪ੍ਰਾਇਮਰੀ ਸਕੂਲ ਨਾਲ ਇਕ ਮੈਚ ਹੋਇਆ ਸੀ।ਖ਼ਾਲਸਾ ਨੂੰ ੧੨-੧ ਨਾਲ ਮੈਚ ਜਿੱਤਣ ਦੀ ਵਧਾਈ ਹੈ।

### ਚੌਥੀ ਜਮਾਤ ਦਾ ਹਾਕੀ ਮੈਚ



ਬੁੱਧਵਾਰ ੧੯ ਮਾਰਚ ਨੂੰ ਸਾਡੇ ਸਕੂਲ ਦੇ ਚੌਥੀ ਜਮਾਤ ਦੇ ਬੱਚਿਆਂ ਦਾ ਵੁਲਫ ਫੀਲਡਜ਼ ਪ੍ਰਾਇਮਰੀ ਸਕੂਲ ਨਾਲ ਇਕ ਹਾਕੀ ਮੈਚ ਹੋਵੇਗਾ।ਮਿਸਟਰ ਵਿਰਦੀ ਨੇ ਇਸ ਵਿਚ ਭਾਗ ਲੈਣ ਲਈ ੬ ਲੜਕੇ ਅਤੇ ੬ ਲੜਕੀਆਂ ਚੁਣੇ ਹਨ।ਇਹ ਮਹਤਵਪੂਰਨ ਮੈਚ ਸਕੂਲ ਦੇ ਪਿਛਲੇ ਖੇਡ ਮੈਦਾਨ ਵਿਚ ਦੁਪਿਹਰ ੩.੧੫ ਤੋਂ ੪.੧੫ ਦੇ ਵਿਚਕਾਰ ਹੋਵੇਗਾ।ਕਿਰਪਾ ਕਰਕੇ ਆਓ ਅਤੇ ਬਚਿੱਆਂ ਨੂੰ ਉਤਸਾਹਿਤ ਕਰੋ।

### ਮਾਪਿਆਂ ਦੀ ਮੁਲਾਕਾਤ

ਜਿਹੜੇ ਮਾਪੇ ਅਤੇ ਦੇਖਭਾਲ ਕਰਤਾ ਮਾਪਿਆਂ ਦੀ ਮੁਲਾਕਾਤ ਵਿਚ ਆਏ ਉਨ੍ਹਾਂ ਸਭ ਦਾ ਧਨਵਾਦ ਹੈ।ਅਸੀਂ ਉਮੀਦ ਕਰਦੇ ਹਾਂ ਕਿ ਤੁਹਾਨੂੰ ਆਪਣੇ ਬੱਚੇ ਦੇ ਅਧਿਆਪਕ ਨੂੰ ਮਿਲ ਕੇ ਉਸ ਦੇ ਵਿਕਾਸ ਬਾਰੇ ਵਿਚਾਰ ਕਰ ਕੇ ਤਸਲੀ ਅਤੇ ਖੁਸ਼ੀ ਹੋਈ ਹੋਵੇਗੀ।ਜੇਕਰ ਆਪ ਜੀ ਕਿਸੇ ਮਜਬੂਰੀ ਵੱਸ ਇਸ ਮੁਲਾਕਾਤ ਵਿਚ ਭਾਗ ਨਹੀਂ ਲੈ ਸਕੇ ਤਾਂ ਤੁਸੀਂ ਕਿਰਪਾ ਕਰਕੇ ਜਲਦੀ ਤੋਂ ਜਲਦੀ ਆਪਣੇ ਬੱਚੇ ਦੇ ਅਧਿਆਪਕ ਨੂੰ ਮਿਲ ਕੇ ਇਕ ਮੁਲਾਕਾਤ ਨਿਸਚਿਤ ਕਰਨੀ ਜੀ।

### ਆਪਣੇ ਪੁਰਾਣੇ ਡਿਜੀਟਲ ਕੈਮਰੇ ਸਕੂਲ ਨੂੰ ਦਾਨ ਕਰਨੇ ਜੀ



ਜੇਕਰ ਤੁਹਾਡੇ ਕੋਲ ਕੋਈ ਅਣਵਰਤੇ ਪੁਰਾਣੇ ਡਿਜੀਟਲ ਕੈਮਰੇ ਹਨ ਤਾਂ ਅਸੀਂ ਉਨ੍ਹਾਂ ਨੂੰ ਹਾਸਿਲ ਕਰਕੇ ਪ੍ਰਸੰਨ ਹੋਵਾਂਗੇ।ਇਹ ਤੁਹਾਡੇ ਬੱਚੇ ਦੀ ਸਿਖਿਆ ਲਈ ਇਕ ਲਾਹੇਵੰਦ ਸੰਦ ਹੈ।ਜੇਕਰ ਕੈਮਰਿਆਂ ਨਾਲ ਲੀਡਜ਼ ਅਤੇ ਚਾਰਜਰ ਹਨ ਤਾਂ ਹੋਰ ਵੀ ਚੰਗਾ ਹੋਵੇਗਾ।

### ਮੈਚ ਅਟੈਕਸ ਕਾਰਡਜ਼/ਖਿਡੌਣੇ





ਅਸੀਂ ਨੋਟ ਕੀਤਾ ਹੈ ਕਿ ਕੁਝ ਬੱਚੇ ਸਕੂਲ ਵਿਚ ਮੈਚ ਅਟੈਕਸ ਕਾਰਡਜ਼/ਖਿਡੌਣੇ ਘਰੋਂ ਲੈ ਕੇ ਆਉਂਦੇ ਹਨ। ਅਜਿਹੀਆਂ ਵਸਤਾਂ ਸਕੂਲ ਵਿਚ ਲਿਆਉਣ ਦੀ ਮਨਾਹੀ ਹੈ। ਜੇਕਰ ਅਜਿਹੀਆਂ ਵਸਤਾਂ ਬੱਚੇ ਸਕੂਲ ਵਿਚ ਲਿਆਉਣਗੇ ਤਾਂ ਉਹ ਜ਼ਬਤ ਕਰ ਲਈਆਂ ਜਾਣਗੀਆਂ।ਕਿਰਪਾ ਕਰਕੇ ਆਪਣੇ ਬੱਚਿਆਂ ਨੂੰ ਕਹੋ ਕਿ ਉਹ ਮੈਚ ਅਟੈਕਸ ਕਾਰਡਜ਼/ਖਿਡੌਣੇ ਸਕੂਲ ਵਿਚ ਨਾ ਲਿਆਉਣ।

### ਇਸ ਹਫ਼ਤੇ ਦਾ ਵਿਚਾਰ

**"ਹਰ ਰੋਜ਼ ਕੁਝ ਅਜਿਹਾ ਕਰੋ ਜਿਹੜਾ ਕਿ ਤੁਹਾਨੂੰ ਆਉਂਦੇ ਕਲ੍ਹ ਦੇ ਇਕ ਇੰਚ ਨੇੜੇ ਲੈ ਜਾਵੇ।"**

### ਹਾਜ਼ਰੀ



੧੪/੦੩/੨੦੧੪ ਨੂੰ ਸਮਾਪਤ ਹੋਏ ਹਫ਼ਤੇ ਬਿਹਤਰੀਨ ਹਾਜ਼ਰੀ ਲਈ **ਸਾਹਿਬਜ਼ਾਦਾ ਫ਼ਤਿਹ ਸਿੰਘ ਜੀ ਜਮਾਤ** ਨੂੰ ਸ਼ਾਬਾਸ਼ ਹੈ।

### ਸੁਨਿਹਰੀ ਅਸੂਲ

ਇਸ ਹਫ਼ਤੇ ਦਾ ਸੁਨਿਹਰੀ ਅਸੂਲ **ਨਾਮ ਜਪਣਾ** ਹੈ।ਬੱਚੇ ਜਿਨ੍ਹਾਂ ਨੂੰ ੧੪/੦੩/੨੦੧੪ ਨੂੰ ਸਮਾਪਤ ਹੋਏ ਹਫ਼ਤੇ **ਵੰਡ ਛਕਣਾ** ਲਈ ਸਤਿਕਾਰਤ ਕੀਤਾ ਜਾਂਦਾ ਹੈ:



**ਚੌਥੀ ਜਮਾਤ:**
ਗੁਰੂ ਹਰਗੋਬਿੰਦ ਸਾਹਿਬ ਜੀ - ਜੀਵਨ
ਗੁਰੂ ਅਰਜਨ ਦੇਵ ਜੀ - ਜਤਵਿੰਦਰ

**ਤੀਜੀ ਜਮਾਤ:**
ਗੁਰੂ ਰਾਮਦਾਸ ਜੀ - ਜਸਮਨ
ਗੁਰੂ ਅਮਰਦਾਸ ਜੀ - ਜਸਲੀਨ



**ਦੂਜੀ ਜਮਾਤ:**
ਗੁਰੂ ਨਾਨਕ ਦੇਵ ਜੀ - ਗੁਰਅਸੀਸ
ਗੁਰੂ ਅੰਗਦ ਦੇਵ ਜੀ - ਦਲਮੀਤ



**ਪਹਿਲੀ ਜਮਾਤ:**
ਸਾਹਿਬਜ਼ਾਦਾ ਅਜੀਤ ਸਿੰਘ ਜੀ ਜਮਾਤ - ਅਪੂਰਵਾਂਸ਼ੂ
ਸਾਹਿਬਜ਼ਾਦਾ ਜੁਝਾਰ ਸਿੰਘ ਜੀ ਜਮਾਤ - ਕਿਰਨਨੂਰ

**ਰਿਸੈਪਸ਼ਨ**
ਸਾਹਿਬਜ਼ਾਦਾ ਫ਼ਤਿਹ ਸਿੰਘ ਜੀ ਜਮਾਤ - ਤਾਰਨਜੀਤ
ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਜਮਾਤ - ਅਮ੍ਰਿਤਾ


**Khalsa Primary School - Norwood Green Road, Southall, Middlesex, UB2 4LA.**

**Phone:** 020 8574 9045; **Fax:** 020 8574 0108; **E-mail:** info@khalsa.ealing.sch.uk; **Website:** www.khalsaschool.co.uk